# ਅਨੰਦ ਸਾਹਿਬ (ਸੌਖੀ ਟੂਨ)

| | | | |
|---|---|---|---|
| | ਰਾਮਕਲੀ ਮਹਲਾ ੩ ਅਨੰਦੁ<br>ੴ ਸਤਿਗੁਰ ਪ੍ਰਸਾਦਿ ॥ | | |
| 1 | ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥ | A | ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥ |
| 1 | ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥ | 1 | ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥ |
| 2 | ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥ | 2 | ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥ |
| 2 | ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥ | 2 | ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥ |
| 3 | ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥ | 3 | ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥ |
| | | | |
| 1 | ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥ | 1 | ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥ |
| 1 | ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥ | 1 | ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥ |
| 2 | ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥ | 2 | ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥ |
| 2 | ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥ | 2 | ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥ |
| 3 | ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥੨॥ | 3 | ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥ |
| | | 3 | ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥ |
| | | | |
| 1 | ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥ | | ਸਲੋਕੁ ॥ |
| 1 | ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥ | 1 | ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ |
| 2 | ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥ | 1 | ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ |
| 2 | ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥ | 2 | ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ |
| 3 | ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥ | 2 | ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ |
| | | 3,1 | ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ |
| | | 3,1 | ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥ |
| B | ਸਾਚਾ ਨਾਮੁ ਮੇਰਾ ਆਧਾਰੋ ॥ | | |
| 1 | ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥ | | |
| 1 | ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥ | | |
| 2 | ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ ॥ | | |
| 2 | ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥ | | |
| B | ਸਾਚਾ ਨਾਮੁ ਮੇਰਾ ਆਧਾਰੋ ॥੪॥ | | |

# Anand Sahib (Easy Tune)

| | | | |
|---|---|---|---|
| | raamakalee mehalaa 3 ana(n)dhu<br>ik oa(n)kaar sathigur prasaadh \|\| | | |
| 1 | ana(n)dh<br>bhaeiaa maeree maaeae sathiguroo mai paaeiaa \|\| | A | vaajae pa(n)ch sabadh thith ghar sabhaagai \|\| |
| 1 | sathigur th paaeiaa sehaj saethee man<br>vajeeaa vaadhhaaeeaa \|\| | 1 | ghar sabhaagai sabadh vaajae kalaa jith ghar<br>dhhaareeaa \|\| |
| 2 | raag rathan paravaar pareeaa sabadh gaavan aaeeaa \|\| | 2 | pa(n)ch dhooth thudhh vas keethae kaal ka(n)ttak<br>maariaa \|\| |
| 2 | sabadho th gaavahu haree kaeraa man<br>jinee vasaaeiaa \|\| | 2 | dhhur karam paaeiaa thudhh jin ko s naam har<br>kai laagae \|\| |
| 3 | kehai naanak ana(n)dh<br>hoaa sathiguroo mai paaeiaa \|\|1\|\| | 3 | kehai naanak theh sukh hoaa thith ghar anehadh<br>vaajae \|\|5\|\| |
| | | | |
| 1 | eae man maeriaa thoo sadhaa rahu har naalae \|\| | 1 | anadh sunahu vaddabhaageeho sagal manorathh<br>poorae \|\| |
| 1 | har naal rahu thoo ma(n)n maerae dhookh sabh<br>visaaranaa \|\| | 1 | paarabreham prabh paaeiaa outharae sagal<br>visoorae \|\| |
| 2 | a(n)geekaar ouhu karae thaeraa kaaraj sabh<br>savaaranaa \|\| | 2 | dhookh rog sa(n)thaap<br>outharae sunee sachee baanee \|\| |
| 2 | sabhanaa galaa samarathh suaamee so kio<br>manahu visaarae \|\| | 2 | sa(n)th saajan bheae sarasae poorae gur<br>thae jaanee \|\| |
| 3 | kehai naanak ma(n)n maerae sadhaa rahu har<br>naalae \|\|2\|\| | 3 | sunathae puneeth kehathae pavith sathigur<br>rehiaa bharapoorae \|\| |
| | | 3 | binava(n)th naanak gur charan laagae vaajae anehadh<br>thoorae \|\|40\|\|1\|\| |
| | | | |
| 1 | saachae saahibaa kiaa naahee ghar thaerai \|\| | | salok \|\| |
| 1 | ghar th thaerai sabh kishh hai jis dhaehi s paaveae \|\| | 1 | pavan guroo paanee pithaa maathaa dhharath<br>mehath \|\| |
| 2 | sadhaa sifath salaah thaeree naam man vasaaveae \|\| | 1 | dhivas raath dhue dhaaee dhaaeiaa khaelai sagal<br>jagath \|\| |
| 2 | naam jin kai man vasiaa vaajae sabadh ghanaerae \|\| | 2 | cha(n)giaaeeaa buriaaeeaa vaachai dhharam<br>hadhoor \|\| |
| 3 | kehai naanak sachae saahib kiaa naahee ghar<br>thaerai \|\|3\|\| | 2 | karamee aapo aapanee kae naerrai kae dhoor \|\| |
| | | 3,1 | jinee naam dhhiaaeiaa geae masakath ghaal \|\| |
| B | saachaa naam maeraa aadhhaaro \|\| | 3,1 | naanak thae mukh oujalae kaethee shhuttee naal \|\|1\|\| |
| 1 | saach naam adhhaar maeraa jin bhukhaa sabh<br>gavaaeeaa \|\| | | |
| 1 | kar saa(n)th sukh man aae vasiaa jin eishhaa sabh<br>pujaaeeaa \|\| | | |
| 2 | sadhaa kurabaan keethaa guroo vittahu jis<br>dheeaa eaehi vaddiaaeeaa \|\| | | |
| 2 | kehai naanak sunahu sa(n)thahu sabadh<br>dhharahu piaaro \|\| | | |
| B | saachaa naam maeraa aadhhaaro \|\|4\|\| | | |